Powered By

we are cycling UK

Funded By

Department for Transport

Making cycling e-asier National e-cycle scheme

# ਰਾਸ਼ਟਰੀ ਈ-ਸਾਇਕਲ ਸਕੀਮ ਦੇ ਨਿਯਮ ਅਤੇ ਸ਼ਰਤਾਂ ਹੁਨਰ ਅਤੇ ਵਿਸ਼ਵਾਸ ਸੈਸ਼ਨਾਂ ਅਤੇ ਇਵੈਂਟਜ਼ ਲਈ

19 ਮਈ 2023

ਲਾਈਵ

## 1. ਜਾਣ-ਪਛਾਣ

1.1. ਇਹ ਨਿਯਮ ਅਤੇ ਸ਼ਰਤਾਂ ਨੈਸ਼ਨਲ ਈ-ਸਾਇਕਲ ਸਕੀਮ ("ਸਕੀਮ") ਦੇ ਤਹਿਤ 'ਮੇਕਿੰਗ ਸਾਇਕਲਿੰਗ ਈ-ਏਜ਼ੀਅਰ' ਇਵੈਂਟ ("ਇਵੈਂਟ") ਲਈ ਤੁਹਾਡੀ ਬੁਕਿੰਗ 'ਤੇ ਲਾਗੂ ਹੁੰਦੀਆਂ ਹਨ।

1.2. ਇਵੈਂਟ ਵਿਚ ਜਗ੍ਹਾ ਬੁੱਕ ਕਰਕੇ, ਤੁਸੀਂ ਪੁਸ਼ਟੀ ਕੀਤੀ ਹੈ ਕਿ ਤੁਸੀਂ ਇਵੈਂਟ ਵਿਚ ਸ਼ਾਮਲ ਹੋਣਾ ਚਾਹੁੰਦੇ ਹੋ ਅਤੇ ਅਸੀਂ ਤੁਹਾਨੂੰ ਇਵੈਂਟ ਵਿਚ ਸ਼ਾਮਲ ਕਰਨ ਲਈ ਸਹਿਮਤ ਹੋਏ ਹਾਂ ਅਤੇ ਜਿਵੇਂ ਕਿ ਤੁਹਾਡੀ ਵੱਖਰੀ ਬੁਕਿੰਗ ਪੁਸ਼ਟੀ ਵਿਚ ਨਿਰਧਾਰਤ ਕੀਤਾ ਗਿਆ ਹੈ, ਤੁਹਾਨੂੰ ਇਵੈਂਟ ਦੌਰਾਨ ਵਰਤਣ ਲਈ ਇੱਕ ਇਲੈਕਟ੍ਰਿਕ ਸਾਇਕਲ ("ਈ-ਸਾਇਕਲ"), ਉਪਕਰਣ ਅਤੇ ਅਟੈਚਮੈਂਟਾਂ ਪ੍ਰਦਾਨ ਕਰਨ ਲਈ ਸਹਿਮਤ ਹੋਏ ਹਾਂ।

1.3. ਇਵੈਂਟ ਅਤੇ ਤੁਹਾਡੇ ਦੁਆਰਾ ਇੱਕ ਈ-ਸਾਇਕਲ ਦੀ ਵਰਤੋਂ ਅਤੇ ਪੂਰਤੀ ਕੀਤੇ ਗਏ ਕੋਈ ਵੀ ਉਪਕਰਣ (ਲਾਈਟਾਂ, ਤਾਲੇ ਅਤੇ ਹੈਲਮਟ ਸਮੇਤ) ਅਧਿਕਤਮ 2 ਘੰਟਿਆਂ ਤੋਂ ਵੱਧ ਸਮੇਂ ਤੱਕ ਨਹੀਂ ਚੱਲਣਗੇ ਅਤੇ ਤੁਹਾਨੂੰ ਮੁਫਤ ਪ੍ਰਦਾਨ ਕੀਤੇ ਜਾਂਦੇ ਹਨ।

1.4. ਇਵੈਂਟ ਦੀ ਬੁਕਿੰਗ ਕਰਕੇ ਅਤੇ ਸਾਡੇ ਬੁਕਿੰਗ ਪ੍ਰਬੰਧਨ ਸਿਸਟਮ 'ਤੇ ਸੰਬੰਧਿਤ ਬਾਕਸ 'ਤੇ ਨਿਸ਼ਾਨ ਲਗਾ ਕੇ, ਤੁਸੀਂ ਇਹਨਾਂ ਨਿਯਮਾਂ ਅਤੇ ਸ਼ਰਤਾਂ ("ਸ਼ਰਤਾਂ") ਦੀ ਪਾਲਣਾ ਕਰਨ ਅਤੇ ਉਹਨਾਂ ਨਾਲ ਬੰਨ੍ਹੇ ਕਕ ਜਾਣ ਲਈ ਸਹਿਮਤ ਹੁੰਦੇ ਹੋ।

1.5. ਇਕ ਈ-ਸਾਇਕਲ ਦੇ ਕਿਸੇ ਵੀ ਕਰਜ਼ੇ 'ਤੇ ਵੱਖਰੇ ਨਿਯਮ ਅਤੇ ਸ਼ਰਤਾਂ, ਜੋ ਅਸੀਂ ਤੁਹਾਨੂੰ ਵੱਖਰੇ ਤੌਰ 'ਤੇ ਉਪਲਬਧ ਕਰਵਾਵਾਂਗੇ, ਲਾਗੂ ਹੋ ਸਕਦੀਆਂ ਹਨ, ।

1.6. ਕਿਰਪਾ ਕਰਕੇ ਨੋਟ ਕਰੋ ਕਿ ਜੇਕਰ ਤੁਸੀਂ ਇਹਨਾਂ ਵਿਚੋਂ ਕਿਸੇ ਵੀ ਸ਼ਰਤਾਂ ਦੀ ਉਲੰਘਣਾ ਕਰਦੇ ਹੋ, ਤਾਂ ਅਸੀਂ ਤੁਹਾਨੂੰ ਇਵੈਂਟ ਵਿਚ ਦਾਖਲ ਹੋਣ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰ ਸਕਦੇ ਹਾਂ ਅਤੇ/ਜਾਂ ਤੁਹਾਡੇ ਤੋਂ ਇਵੈਂਟ ਛੱਡਣ ਦੀ ਮੰਗ ਕਰ ਸਕਦੇ ਹਾਂ।

## 2. ਸਾਡੇ ਬਾਰੇ ਅਤੇ ਸਕੀਮ ਬਾਰੇ ਜਾਣਕਾਰੀ

2.1. ਅਸੀਂ ਸਾਇਕਲਿਸਟਜ਼' ਟੂਰਿੰਗ ਕਲੱਬ (ਸਾਇਕਲਿੰਗ ਯੂਕੇ ਵਜੋਂ ਕਾਰੋਬਾਰ ਵਿਚ) ਹਾਂ, ਕੰਪਨੀ ਨੰਬਰ 25185 ਦੇ ਨਾਲ ਇੰਗਲੈਂਡ ਅਤੇ ਵੇਲਜ਼ ਵਿਚ ਸਥਾਪਤ ਅਤੇ ਰਜਿਸਟਰਡ ਹਾਂ ਅਤੇ ਇੰਗਲੈਂਡ ਅਤੇ ਵੇਲਜ਼ ਵਿਚ ਚੈਰਿਟੀ ਨੰਬਰ 1147607 ਨਾਲ ਅਤੇ ਸਕਾਟਲੈਂਡ ਵਿਚ ਚੈਰਿਟੀ ਨੰਬਰ SC042541 ਨਾਲ ਇੱਕ ਚੈਰਿਟੀ ਵਜੋਂ ਰਜਿਸਟਰਡ ਹਾਂ, ਜਿਸਦਾ ਰਜਿਸਟਰਡ ਦਫ਼ਤਰ ਪਾਰਕਲੈਂਡਜ਼, ਰੇਲਟਨ ਰੋਡ, ਗਿਲਡਫੋਰਡ, ਸਰੀ GU2 9JX ("ਸਾਇਕਲਿੰਗ ਯੂਕੇ") ਵਿਖੇ ਹੈ।

2.2. ਇਸ ਸਕੀਮ ਦਾ ਉਦੇਸ਼ ਈ-ਸਾਇਕਲਾਂ ਬਾਰੇ ਜਨਤਕ ਜਾਗਰੂਕਤਾ ਅਤੇ ਸਮਝ ਨੂੰ ਵਧਾਉਣਾ ਅਤੇ ਇਸ ਦੀ ਵਰਤੋਂ ਨੂੰ ਤੇਜ਼ ਕਰਨਾ ਹੈ। ਯੋਜਨਾ ਨੂੰ ਪ੍ਰਦਾਨ ਕਰਨ ਲਈ ਸਾਨੂੰ ਟਰਾਂਸਪੋਰਟ ਵਿਭਾਗ ਤੋਂ ਫੰਡ ਪ੍ਰਾਪਤ ਹੋਏ ਹਨ।

2.3. ਤੁਸੀਂ ਇਹਨਾਂ ਸ਼ਰਤਾਂ, ਤੁਹਾਡੇ ਈ-ਸਾਇਕਲ, ਇਵੈਂਟ ਅਤੇ / ਜਾਂ ਸਕੀਮ ਨਾਲ ਸਬੰਧਤ ਕਿਸੇ ਵੀ ਤਰ੍ਹਾਂ ਦੇ ਪ੍ਰਸ਼ਨਾਂ ਲਈ ਸਾਡੇ ਨਾਲ ਇੱਥੇ ਈਮੇਲ ਭੇਜ ਕੇ ਸੰਪਰਕ ਕਰ ਸਕਦੇ ਹੋ: bookings.makingcyclingeasier@cyclinguk.org

## 3. ਇਵੈਂਟ ਲਈ ਬੁਕਿੰਗ

3.1. ਕਿਸੇ ਇਵੈਂਟ ਵਿਚ ਜਗ੍ਹਾ ਬੁੱਕ ਕਰਨ ਲਈ, ਤੁਹਾਨੂੰ ਲਾਜ਼ਮੀ ਤੌਰ 'ਤੇ ਇਹ ਕਰਨਾ ਚਾਹੀਦਾ ਹੈ:

3.1.1. 16 ਸਾਲ ਜਾਂ ਵੱਧ ਉਮਰ ਦਾ ਹੋਣਾ ;ਇੱਕ ਨਿਪੁੰਨ ਅਤੇ ਯੋਗ ਸਾਇਕਲਿਸਟ ਹੋਵੋ;

3.1.2. ਯਕੀਨੀ ਬਣਾਓ ਕਿ ਬੁਕਿੰਗ ਪ੍ਰਕਿਰਿਆ ਦੌਰਾਨ ਤੁਹਾਡੇ ਦੁਆਰਾ ਪ੍ਰਦਾਨ ਕੀਤਾ ਗਿਆ ਸਾਰਾ ਡਾਟਾ ਸਹੀ, ਸੰਪੂਰਨ ਹੈ ਅਤੇ ਗੁੰਮਰਾਹਕੁੰਨ ਨਹੀਂ ਹੈ;

3.1.3. ਇਹਨਾਂ ਸ਼ਰਤਾਂ ਨਾਲ ਸਹਿਮਤ ਹੋਵੋ।

3.2. ਅਸੀਂ ਇਵੈਂਟ ਵਿਚ ਸ਼ਾਮਲ ਹੋਣ ਲਈ ਤੁਹਾਡੀ ਬੁਕਿੰਗ ਬੇਨਤੀ ਨੂੰ ਅਸਵੀਕਾਰ ਕਰਨ ਲਈ ਸੰਪੂਰਨ ਨਿਰਣਾਇਕ ਸਮਰੱਥਾ ਰਾਖਵੀਂ ਰੱਖਦੇ ਹਾਂ।

3.3. ਤੁਹਾਨੂੰ ਇਵੈਂਟ ਵਿਚ ਹਾਜ਼ਰੀ ਮੌਕੇ ਆਪਣੀ ਪਛਾਣ ਦਾ ਸਬੂਤ ਦੇਣਾ ਚਾਹੀਦਾ ਹੈ (ਉਦਾਹਰਨ ਲਈ, ਡਰਾਈਵਿੰਗ ਲਾਇਸੈਂਸ, ਪਾਸਪੋਰਟ, ਯੂਕੇ ਬਾਇਓਮੈਟ੍ਰਿਕ ਰਿਹਾਇਸ਼ੀ ਪਰਮਿਟ (BRP), ਅਸਾਇਲਮ ਰਜਿਸਟ੍ਰੇਸ਼ਨ ਕਾਰਡ (ARC), ਗੈਰ-ਯੂਕੇ ਰਾਸ਼ਟਰੀ ਆਈਡੀ ਕਾਰਡ ਆਦਿ ਜਾਂ ਕੰਮ ਵਾਲੀ ਥਾਂ ਜਾਂ ਸਿੱਖਿਆ ਕੇਂਦਰ 'ਤੇ ਡਿਲੀਵਰ ਕੀਤੇ ਗਏ ਇੱਕ ਇਵੈਂਟ ਲਈ ਦਿੱਤਾ ਗਿਆ ਆਈਡੀ ਪਾਸ), ਅਤੇ ਤੁਹਾਨੂੰ ਆਪਣੀ ਬੁਕਿੰਗ ਪੁਸ਼ਟੀ ਵੀ ਆਪਣੇ ਨਾਲ ਲਿਆਉਣੀ ਚਾਹੀਦੀ ਹੈ। ਫੋਟੋ ਵਾਲੇ ਆਈਡੀ ਨੂੰ ਤਰਜੀਹ ਦਿੱਤੀ ਜਾਂਦੀ ਹੈ, ਪਰ ਜੇਕਰ ਤੁਹਾਡੇ ਕੋਲ ਕੋਈ ਫੋਟੋ ਵਾਲੇ ਆਈਡੀ ਨਹੀਂ ਹੈ, ਅਤੇ ਇਹ ਤੁਹਾਡਾ ਪੂਰਾ ਨਾਮ ਅਤੇ ਪਤਾ ਦਿਖਾਉਂਦੀ ਹੈ ਤਾਂ ਅਸੀਂ ਉਪਯੋਗਤਾ ਬਿੱਲ, ਕੌਂਸਲ ਟੈਕਸ ਬਿੱਲ, ਜਾਂ ਪਿਛਲੇ ਤਿੰਨ ਮਹੀਨੇ ਦੇ ਅੰਦਰ ਜਾਰੀ ਕੀਤੀ ਗਈ ਬੈਂਕ ਸਟੇਟਮੈਂਟ ਵੀ ਸਵੀਕਾਰ ਕਰਾਂਗੇ।

3.4. ਇਵੈਂਟ ਤੁਹਾਡੀ ਬੁਕਿੰਗ ਪੁਸ਼ਟੀਕਰਨ 'ਤੇ ਦੱਸੇ ਅਨੁਸਾਰ ਮਿਤੀ ਅਤੇ ਸਮੇਂ 'ਤੇ ਸ਼ੁਰੂ ਹੁੰਦਾ ਹੈ ਅਤੇ ਸਮਾਪਤ ਹੁੰਦਾ ਹੈ।

3.5. ਨਿਗਰਾਨੀ ਅਤੇ ਮੁਲਾਂਕਣ ਦੇ ਉਦੇਸ਼ਾਂ ਲਈ, ਇਵੈਂਟ ਬੁਕਿੰਗਾਂ ਵਿਅਕਤੀਗਤ ਤੌਰ 'ਤੇ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਹਰੇਕ ਬੁਕਿੰਗ ਸਿਰਫ਼ ਬੁਕਿੰਗ ਪੁਸ਼ਟੀਕਰਨ 'ਤੇ ਨਾਮ ਦਿੱਤੇ ਵਿਅਕਤੀ ਲਈ ਵੈਧ ਹੁੰਦੀ ਹੈ ਅਤੇ ਤੁਸੀਂ ਹਰੇਕ ਇਵੈਂਟ ਲਈ ਸਿਰਫ਼ ਇੱਕ ਵਿਅਕਤੀ ਨੂੰ ਬੁੱਕ ਕਰ ਸਕਦੇ ਹੋ। ਸ਼ੱਕ ਦੂਰ ਕਰਨ ਲਈ ਦੱਸਿਆ ਜਾਂਦਾ ਹੈ ਕਿ ਭਾਗੀਦਾਰ ਇੱਕ ਤੋਂ ਵੱਧ ਇਵੈਂਟ ਵਿਚ ਸ਼ਾਮਲ ਹੋਣ ਦੇ ਯੋਗ ਹਨ।

3.6. ਤੁਸੀਂ ਸਾਡੀ ਨਿਗਰਾਨੀ ਅਤੇ ਮੁਲਾਂਕਣ ਪ੍ਰਕਿਰਿਆ ਵਿਚ ਹਿੱਸਾ ਲੈਣ ਲਈ ਸਹਿਮਤ ਹੁੰਦੇ ਹੋ, ਜਿਸ ਵਿਚ ਇੱਕ ਪ੍ਰੀ-ਇਵੈਂਟ ਸਰਵੇਖਣ ਅਤੇ ਦੋ ਪੋਸਟ-ਇਵੈਂਟ ਸਰਵੇਖਣ ਸ਼ਾਮਲ ਹੁੰਦੇ ਹਨ। ਤੁਸੀਂ ਸਰਵੇਖਣਾਂ ਲਈ ਅਗਿਆਤ ਰੂਪ ਵਿਚ ਜਵਾਬ ਦੇ ਸਕਦੇ ਹੋ।

3.7. ਇਵੈਂਟ ਵਿਚ ਤੁਹਾਡੀ ਭਾਗੀਦਾਰੀ ਤੋਂ ਬਾਅਦ, ਸਾਇਕਲਿੰਗ ਯੂਕੇ ਜਾਂ ਡਿਪਾਰਟਮੈਂਟ ਫਾਰ ਟ੍ਰਾਂਸਪੋਰਟ ਦੇ ਮੁਲਾਂਕਣ ਪਾਰਟਨਰ, ਸਟੀਅਰ (Steer), ਤੁਹਾਨੂੰ ਇਸ ਸਕੀਮ, ਇਵੈਂਟ ਅਤੇ ਇਸ ਵਿਚ ਤੁਹਾਡੀ ਭਾਗੀਦਾਰੀ ਬਾਰੇ ਅੱਗੇ ਦੀ ਖੋਜ ਵਿਚ ਹਿੱਸਾ ਲੈਣ ਲਈ ਸੱਦਾ ਦੇਣ ਲਈ ਤੁਹਾਡੇ ਨਾਲ ਸੰਪਰਕ ਕਰ ਸਕਦੇ ਹਨ।

## 4. ਤੁਹਾਡੀਆਂ ਜ਼ਿੰਮੇਵਾਰੀਆਂ

4.1. ਕਿਸੇ ਇਵੈਂਟ ਵਿਚ ਸ਼ਾਮਲ ਹੋਣ ਵੇਲੇ, ਤੁਹਾਡੇ ਲਈ ਇਨ੍ਹਾਂ ਨੂੰ ਪੂਰਾ ਕਰਨਾ ਜ਼ਰੂਰੀ ਹੈ:

4.1.1. ਇਹਨਾਂ ਨਿਯਮਾਂ ਅਤੇ ਲਾਗੂ ਹੋਣ ਵਾਲੇ ਸਾਰੇ ਕਾਨੂੰਨਾਂ ਦੀ ਪਾਲਣਾ ਕਰਨਾ;

4.1.2. ਈ-ਸਾਇਕਲ ਅਤੇ ਕਿਸੇ ਵੀ ਹੋਰ ਸਾਜ਼ੋ-ਸਾਮਾਨ ਦੀ ਵਾਜਬ ਅਤੇ ਜ਼ਿੰਮੇਵਾਰੀ ਨਾਲ ਵਰਤੋਂ ਕਰਨਾ;

4.1.3. ਸਾਡੇ ਇਵੈਂਟ ਸਟਾਫ ਦੁਆਰਾ ਪ੍ਰਦਾਨ ਕੀਤੀਆਂ ਸਾਰੀਆਂ ਹਦਾਇਤਾਂ ਦੇ ਅਨੁਸਾਰ ਈ-ਸਾਇਕਲ ਅਤੇ ਕਿਸੇ ਹੋਰ ਸਾਜ਼ੋ-ਸਾਮਾਨ ਦੀ ਵਰਤੋਂ ਕਰਨਾ;

4.1.4. ਸਾਡੇ ਇਵੈਂਟ ਸਟਾਫ ਦੁਆਰਾ ਤੁਹਾਨੂੰ ਪ੍ਰਦਾਨ ਕੀਤੇ ਗਏ ਸਾਰੇ ਸਿਹਤ ਅਤੇ ਸੁਰੱਖਿਆ ਨਿਰਦੇਸ਼ਾਂ ਅਤੇ ਮਾਰਗਦਰਸ਼ਨ ਦੀ ਪਾਲਣਾ ਕਰਨਾ; ਅਤੇ

4.1.5. ਇਵੈਂਟ ਸਟਾਫ਼ ਅਤੇ ਹੋਰ ਭਾਗੀਦਾਰਾਂ ਨਾਲ ਸ਼ਿਸ਼ਟਾਚਾਰ ਅਤੇ ਆਦਰ ਨਾਲ ਪੇਸ਼ ਆਉਣਾ ਅਤੇ ਇਵੈਂਟ ਦੇ ਸਟਾਫ਼ ਦੁਆਰਾ ਇਵੈਂਟ ਵਿਚ ਦਿੱਤੀਆਂ ਗਈਆਂ ਹਦਾਇਤਾਂ ਜਾਂ ਨਿਯਮਾਂ ਦੀ ਪਾਲਣਾ ਕਰਨਾ।

4.2. ਕਿਸੇ ਇਵੈਂਟ ਵਿਚ ਸ਼ਾਮਲ ਹੁੰਦਿਆਂ, ਤੁਹਾਨੂੰ ਇਹ ਨਹੀਂ ਕਰਨਾ ਚਾਹੀਦਾ:

4.2.1. ਤੁਹਾਨੂੰ ਪ੍ਰਦਾਨ ਕੀਤੇ ਗਏ ਈ-ਸਾਇਕਲ ਜਾਂ ਕਿਸੇ ਹੋਰ ਸਮੱਗਰੀ, ਸਾਜ਼ੋ-ਸਾਮਾਨ ਅਤੇ ਸਹਾਇਕ ਉਪਕਰਣ ਨੂੰ ਨੁਕਸਾਨ ਪਹੁੰਚਾਉਣਾ, ਵਿਗਾੜਨਾ ਜਾਂ ਭੰਨਣਾ;

4.2.2. ਰੇਸਿੰਗ, ਸਟੰਟ ਜਾਂ ਟ੍ਰਿਕ ਰਾਈਡਿੰਗ ਲਈ ਈ-ਸਾਇਕਲ ਦੀ ਵਰਤੋਂ ਕਰਨਾ;

4.2.3. ਅਲਕੋਹਲ, ਤੇਜ਼ ਦਵਾਈਆਂ ਜਾਂ ਹੋਰ ਨਸ਼ੀਲੇ ਪਦਾਰਥਾਂ ਦੇ ਪ੍ਰਭਾਵ ਅਧੀਨ ਇਵੈਂਟ ਵਿਚ ਸ਼ਾਮਲ ਹੋਣਾ;

4.2.4. ਸਾਡੀ ਸਪੱਸ਼ਟ ਇਜਾਜ਼ਤ ਤੋਂ ਬਿਨਾਂ ਇਵੈਂਟ ਸਥਾਨ, ਈ-ਸਾਇਕਲ, ਕਿਸੇ ਵੀ ਭਾਗੀਦਾਰ ਜਾਂ ਸਾਡੇ ਇੰਸਟ੍ਰਕਟਰ (ਆਂ) ਦੀਆਂ ਤਸਵੀਰਾਂ ਲੈਣਾ;

4.2.5. ਸਾਡੀ ਸਪੱਸ਼ਟ ਇਜਾਜ਼ਤ ਤੋਂ ਬਿਨਾਂ ਆਪਣੇ ਮੋਬਾਈਲ ਫ਼ੋਨ ਦੀ ਵਰਤੋਂ ਕਰਨਾ;

4.2.6. ਸਮਾਜ-ਵਿਰੋਧੀ, ਰੁੱਖੇ, ਨਸਲਵਾਦੀ, ਲਿੰਗਵਾਦੀ, ਅਪਮਾਨਜਨਕ ਜਾਂ ਹਮਲਾਵਰ ਤਰੀਕੇ ਨਾਲ ਵਿਵਹਾਰ ਕਰਨਾ ਜਿਸ ਵਿਚ ਸ਼ਾਮਲ ਹੈ (ਪਰ ਇਸ ਤੱਕ ਸੀਮਤ ਨਹੀਂ) ਅਜਿਹੇ ਤਰੀਕੇ ਨਾਲ ਵਿਵਹਾਰ ਕਰਨਾ ਜੋ ਦੂਜਿਆਂ ਲਈ ਚੇਤਾਵਨੀ, ਅਪਰਾਧ ਜਾਂ ਪਰੇਸ਼ਾਨੀ ਪੈਦਾ ਕਰ ਸਕਦਾ ਹੈ ਜਾਂ ਅਜਿਹੇ ਤਰੀਕੇ ਨਾਲ ਵਿਵਹਾਰ ਕਰਨਾ ਜੋ ਸਾਡਾ ਇਵੈਂਟ ਸਟਾਫ ਜਾਂ ਕਿਸੇ ਹੋਰ ਪ੍ਰਤੀਭਾਗੀ ਲਈ ਪਰੇਸ਼ਾਨੀ ਦਾ ਕਾਰਨ ਬਣ ਸਕਦਾ ਹੈ।

4.3. ਇਵੈਂਟ ਦੇ ਅੰਤ 'ਤੇ ਤੁਹਾਨੂੰ ਈ-ਸਾਇਕਲ ਅਤੇ ਇਵੈਂਟ ਦੌਰਾਨ ਤੁਹਾਨੂੰ ਮੁਹੱਈਆ ਕੀਤੀ ਗਈ ਕੋਈ ਵੀ ਪੂਰਤੀ ਕੀਤੀ ਸਮੱਗਰੀ, ਸਹਾਇਕ ਉਪਕਰਣ ਜਾਂ ਹੋਰ ਸਾਜ਼ੋ-ਸਾਮਾਨ ਉਸੇ ਹਾਲਤ ਵਿਚ ਵਾਪਸ ਕਰਨਾ ਚਾਹੀਦਾ ਹੈ ਜਿਸ ਹਾਲਤ ਵਿਚ ਉਹ ਪੂਰਤੀ ਕੀਤੇ ਗਏ ਸਨ।

4.4. ਅਸੀਂ ਆਪਣੀ ਪੂਰੀ ਮਰਜ਼ੀ ਨਾਲ, ਇਵੈਂਟ ਵਿਚ ਤੁਹਾਡੀ ਭਾਗੀਦਾਰੀ ਤੋਂ ਇਨਕਾਰ ਕਰਨ ਅਤੇ/ਜਾਂ ਤੁਹਾਨੂੰ ਇਵੈਂਟ ਤੋਂ ਹਟਾਉਣ ਦਾ ਅਧਿਕਾਰ ਰਾਖਵਾਂ ਰੱਖਦੇ ਹਾਂ ਜੇਕਰ ਤੁਹਾਡੇ ਵਿਹਾਰ ਨੂੰ ਸਾਡੇ ਦੁਆਰਾ ਅਪਮਾਨਜਨਕ, ਗੈਰ-ਕਾਨੂੰਨੀ, ਧਮਕੀ ਪੂਰਨ, ਦੁਰਵਿਵਹਾਰ, ਅਣਉਚਿਤ, ਨੁਕਸਾਨ ਪਹੁੰਚਾਉਣ ਦੀ ਸੰਭਾਵਨਾ ਵਾਲਾ, ਜਾਂ ਦੂਜੇ ਭਾਗੀਦਾਰਾਂ, ਇਵੈਂਟ ਸਟਾਫ਼, ਸਾਡੇ ਕਿਸੇ ਵੀ ਏਜੰਟ ਅਤੇ/ਜਾਂ ਆਮ ਲੋਕਾਂ ਦੇ ਆਨੰਦ, ਆਰਾਮ ਜਾਂ ਸੁਰੱਖਿਆ ਨੂੰ ਨੁਕਸਾਨ ਪਹੁੰਚਾਉਣ ਵਾਲਾ ਸਮਝਿਆ ਜਾਂਦਾ ਹੈ, ਜਾਂ ਜੇਕਰ ਤੁਸੀਂ ਇਹਨਾਂ ਨਿਯਮਾਂ ਦੀ ਉਲੰਘਣਾ ਕਰਦੇ ਹੋ। ਇਸ ਵਿਚ ਅਜਿਹੇ ਤਰੀਕੇ ਨਾਲ ਕੰਮ ਕਰਨਾ ਸ਼ਾਮਲ ਹੈ ਜਿਸ ਨਾਲ ਸੰਪਤੀ (ਈ-ਸਾਇਕਲ ਸਮੇਤ, ਪਰ ਇਸ ਤੱਕ ਸੀਮਿਤ ਨਹੀਂ) ਨੂੰ ਨੁਕਸਾਨ ਹੋ ਸਕਦਾ ਹੈ ਜਾਂ ਨੁਕਸਾਨ ਹੋਣ ਦੀ ਸੰਭਾਵਨਾ ਹੈ।

4.5. ਤੁਹਾਨੂੰ ਕੋਈ ਮੁਆਵਜ਼ਾ ਨਹੀਂ ਦਿੱਤਾ ਜਾਵੇਗਾ ਜੇਕਰ ਤੁਹਾਨੂੰ ਉਪਰੋਕਤ ਧਾਰਾ 4.4 ਵਿਚ ਦੱਸੇ ਗਏ ਹਾਲਾਤਾਂ ਵਿਚ ਕਿਸੇ ਇਵੈਂਟ ਤੋਂ ਹਟਾ ਦਿੱਤਾ ਜਾਂਦਾ ਹੈ, ਅਤੇ ਅਸੀਂ ਤੁਹਾਡੇ ਜਾਂ ਤੁਹਾਡੀ ਪਾਰਟੀ ਦੇ ਕਿਸੇ ਵੀ ਮੈਂਬਰ ਤੋਂ ਭਵਿੱਖ ਦੇ ਇਵੈਂਟਜ਼ (ਜਾਂ ਸਮਾਨ) ਲਈ ਕਿਸੇ ਹੋਰ ਬੁਕਿੰਗ ਤੋਂ ਇਨਕਾਰ ਕਰਨ ਦਾ ਅਧਿਕਾਰ ਰਾਖਵਾਂ ਰੱਖਦੇ ਹਾਂ।

4.6. ਅਸੀਂ ਤੁਹਾਡੇ ਦੁਆਰਾ ਇਵੈਂਟ ਕੀਤੇ ਗਏ ਕਿਸੇ ਵੀ ਨੁਕਸਾਨ, ਗੁੰਮਸ਼ੁਦਗੀ, ਦੇਰੀ ਜਾਂ ਖਰਚੇ, ਜਾਂ ਤੁਹਾਡੇ ਦੁਆਰਾ ਇਵੈਂਟ ਵਿਚ ਲਿਆਉਂਦੀ ਗਈ ਸੰਪਤੀ, ਜਾਇਦਾਦ, ਵਸਤੂਆਂ ਜਾਂ ਸਮਾਨ ਚੀਜ਼ਾਂ ਦੇ ਨੁਕਸਾਨ, ਚੋਰੀ ਜਾਂ ਨੁਕਸਾਨ ਲਈ ਜ਼ਿੰਮੇਵਾਰ ਨਹੀਂ ਹਾਂ। ਸ਼ੱਕ ਤੋਂ ਬਚਣ ਲਈ, ਅਸੀਂ ਤੁਹਾਡੇ ਪ੍ਰਤੀ ਸਾਡੀ ਦੇਣਦਾਰੀ ਨੂੰ ਕਿਸੇ ਵੀ ਤਰੀਕੇ ਨਾਲ ਛੱਡਦੇ ਜਾਂ ਸੀਮਤ ਨਹੀਂ ਕਰਦੇ ਜਿੱਥੇ ਅਜਿਹਾ ਕਰਨਾ ਗੈਰ-ਕਾਨੂੰਨੀ ਹੋਵੇਗਾ। ਇਸੇ ਤਰ੍ਹਾਂ ਇਹਨਾਂ ਸ਼ਰਤਾਂ ਵਿਚ ਕੁਝ ਵੀ ਸਾਡੀ ਲਾਪਰਵਾਹੀ ਕਾਰਨ ਹੋਈ ਮੌਤ ਜਾਂ ਨਿੱਜੀ ਸੱਟ ਲਈ, ਜਾਂ ਧੋਖਾਧੜੀ ਜਾਂ ਧੋਖਾਧੜੀ ਵਾਲੀ ਗਲਤ ਪੇਸ਼ਕਾਰੀ ਲਈ, ਜਾਂ ਕਿਸੇ ਹੋਰ ਮਾਮਲੇ ਲਈ, ਜਿਸ ਨੂੰ ਬਾਹਰ ਰੱਖਣਾ ਸਾਡੇ ਲਈ ਅਵੈਧ ਜਾਂ ਗੈਰ-ਕਾਨੂੰਨੀ ਹੋਵੇਗਾ, ਲਈ ਸਾਡੀ ਜ਼ਿੰਮੇਵਾਰੀ ਨੂੰ ਕਿਸੇ ਵੀ ਤਰੀਕੇ ਨਾਲ ਬਾਹਰ ਜਾਂ ਸੀਮਤ ਨਹੀਂ ਕਰਦਾ (ਜਾਂ ਬਾਹਰ ਕੱਢਣ ਜਾਂ ਸੀਮਤ ਕਰਨ ਦੀ ਕੋਸ਼ਿਸ਼ ਨਹੀਂ ਕਰਦਾ) ਹੈ।

## 5. ਸੁਰੱਖਿਆ ਅਤੇ ਸਲਾਮਤੀ

5.1. ਅਸੀਂ ਚਾਹੁੰਦੇ ਹਾਂ ਕਿ ਸਾਡੇ ਇਵੈਂਟਜ਼ ਵਿਚ ਸ਼ਾਮਲ ਹੋਣ ਵੇਲੇ ਤੁਹਾਨੂੰ ਇੱਕ ਸੁਰੱਖਿਅਤ ਅਤੇ ਆਨੰਦਦਾਇਕ ਅਨੁਭਵ ਹੋਵੇ। ਉਪਰੋਕਤ ਧਾਰਾਵਾਂ 4.1 ਅਤੇ 4.2 ਵਿਚ ਦਰਸਾਈਆਂ ਗਈਆਂ ਸਾਡੀਆਂ ਵਰਤੋਂ ਸੰਬੰਧੀ ਲੋੜਾਂ ਦੀ ਪਾਲਣਾ ਕਰਨ ਤੋਂ ਇਲਾਵਾ, ਅਸੀਂ ਬੇਨਤੀ ਕਰਦੇ ਹਾਂ ਕਿ ਤੁਸੀਂ ਇਵੈਂਟ ਦੌਰਾਨ ਸਾਵਧਾਨੀ ਅਤੇ ਠੀਕ ਨਿਰਣੇ ਦੀ ਵਰਤੋਂ ਕਰੋ, ਅਤੇ ਅਸੀਂ ਜ਼ੋਰਦਾਰ ਸਲਾਹ ਦਿੰਦੇ ਹਾਂ ਕਿ ਤੁਸੀਂ ਹੈਲਮੇਟ ਪਹਿਨੋ ਅਤੇ ਸਾਡੇ ਇਵੈਂਟਜ਼ ਵਿਚ ਹਿੱਸਾ ਲੈਣ ਵੇਲੇ ਢੁਕਵੇਂ ਸੁਰੱਖਿਆ ਉਪਕਰਨਾਂ ਅਤੇ ਕੱਪੜੇ ਵਰਤੋ।

5.2. ਤੁਸੀਂ ਸਵੀਕਾਰ ਕਰਦੇ ਹੋ ਕਿ ਸਾਇਕਲ ਚਲਾਉਣ ਦੇ ਜੋਖਮ ਹਨ ਅਤੇ ਪੁਸ਼ਟੀ ਕਰਦੇ ਹੋ ਕਿ ਤੁਸੀਂ ਇੱਕ ਸਮਰੱਥ ਸਾਇਕਲ ਸਵਾਰ ਹੋ ਜੋ ਇਵੈਂਟ ਵਿਚ ਸੁਰੱਖਿਆ ਨਾਲ ਅਤੇ ਜ਼ਿੰਮੇਵਾਰੀ ਨਾਲ ਸਾਇਕਲ ਚਲਾਏਗਾ। ਤੁਸੀਂ ਇਹ ਯਕੀਨੀ ਬਣਾਉਣ ਲਈ ਜ਼ਿੰਮੇਵਾਰ ਹੋ ਕਿ ਤੁਸੀਂ ਈ-ਸਾਇਕਲ ਦੀ ਸੁਰੱਖਿਅਤ ਵਰਤੋਂ ਕਰਨ ਦੇ ਸਰੀਰਕ ਤੌਰ 'ਤੇ ਯੋਗ ਹੋ ਅਤੇ ਤੁਸੀਂ ਸਵੀਕਾਰ ਕਰਦੇ ਹੋ ਕਿ ਤੁਸੀਂ ਆਪਣੇ ਜੋਖਮ 'ਤੇ ਸਵਾਰੀ ਕਰਦੇ ਹੋ।

5.3. ਸਾਡੇ ਕਿਸੇ ਇੱਕ ਇਵੈਂਟ ਵਿਚ ਸ਼ਾਮਲ ਹੋਣ ਵੇਲੇ ਤੁਹਾਡੀਆਂ ਨਿੱਜੀ ਚੀਜ਼ਾਂ ਤੁਹਾਡੀ ਆਪਣੀ ਜ਼ਿੰਮੇਵਾਰੀ ਹਨ।

5.4. ਸਾਡੇ ਕਿਸੇ ਇਵੈਂਟ ਵਿਚ ਸ਼ਾਮਲ ਹੋਣ ਤੋਂ ਪਹਿਲਾਂ ਤੁਹਾਡੇ ਦੁਆਰਾ ਸਾਰੀ ਸੰਬੰਧਿਤ ਡਾਕਟਰੀ ਜਾਣਕਾਰੀ ਸਾਨੂੰ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ ਅਤੇ ਇਹ ਯਕੀਨੀ ਬਣਾਉਣਾ ਪੂਰੀ ਤਰ੍ਹਾਂ ਤੁਹਾਡੀ ਜ਼ਿੰਮੇਵਾਰੀ ਹੈ ਕਿ ਤੁਸੀਂ ਹਾਜ਼ਰ ਹੋਣ ਲਈ ਢੁਕਵੇਂ ਰੂਪ ਵਿਚ ਫਿੱਟ ਅਤੇ ਸਿਹਤਮੰਦ ਹੋ। ਜੇਕਰ ਤੁਸੀਂ ਸੁਨਿਸ਼ਚਿਤ ਨਹੀਂ ਹੋ, ਤਾਂ ਕਿਰਪਾ ਕਰਕੇ ਸਾਡੇ ਨਾਲ ਇੱਥੇ ਈਮੇਲ ਰਾਹੀਂ ਸੰਪਰਕ ਕਰੋ: bookings.makingcyclingeasier@cyclinguk.org.

## 6. ਬੇਦਖਲੀ ਅਤੇ ਮੁਅੱਤਲੀ

6.1. ਜੇਕਰ ਤੁਸੀਂ ਕਿਸੇ ਵੀ ਸਮੇਂ ਇਹਨਾਂ ਸ਼ਰਤਾਂ (ਧਾਰਾ 4.1 ਅਤੇ 4.2 ਦੇ ਅਧੀਨ ਸਾਡੀਆਂ ਵਰਤੋਂ ਸੰਬੰਧੀ ਲੋੜਾਂ ਸਮੇਤ, ਪਰ ਇਹ ਇਹਨਾਂ ਤੱਕ ਸੀਮਿਤ ਨਹੀਂ) ਅਤੇ/ਜਾਂ ਕਿਸੇ ਲਾਗੂ ਕਾਨੂੰਨ ਦੀ ਪਾਲਣਾ ਨਹੀਂ ਕਰਦੇ ਹੋ, ਅਸੀਂ ਇਹਨਾਂ ਸ਼ਰਤਾਂ ਦੇ ਅਧੀਨ ਤੁਹਾਨੂੰ ਕਿਸੇ ਵੀ ਇਵੈਂਟ ਤੋਂ ਬਾਹਰ ਕਰਨ ਦੇ ਸਾਡੇ ਕਿਸੇ ਵੀ ਅਧਿਕਾਰ ਤੋਂ ਇਲਾਵਾ, ਸਕੀਮ ਵਿਚ ਤੁਹਾਡੀ ਭਾਗੀਦਾਰੀ ਨੂੰ ਬਾਹਰ ਕਰ ਸਕਦੇ ਹਾਂ ਜਾਂ ਮੁਅੱਤਲ ਕਰ ਸਕਦੇ ਹਾਂ।

6.2. ਜਿੱਥੇ ਅਜਿਹੀ ਗੈਰ-ਪਾਲਣਾ, ਜਿਸ ਵਿਚ ਈ-ਸਾਇਕਲ ਦੀ ਚੋਰੀ ਸ਼ਾਮਲ ਹੈ (ਪਰ ਇਸ ਤੱਕ ਸੀਮਤ ਨਹੀਂ), ਅਪਰਾਧਿਕ ਪ੍ਰਕਿਰਤੀ ਦੀ ਹੋ ਸਕਦੀ ਹੈ, ਅਸੀਂ ਪੁਲਿਸ ਨੂੰ ਸਾਰੀ ਮਾਮਲੇ ਦੀ ਹਵਾਲਗੀ ਦੇਣ ਅਤੇ ਸੰਬੰਧਿਤ ਜਾਣਕਾਰੀ ਦਾ ਖੁਲਾਸਾ ਕਰਨ ਦਾ ਅਧਿਕਾਰ ਰਾਖਵਾਂ ਰੱਖਦੇ ਹਾਂ। ਪੁਲਿਸ ਦੁਆਰਾ ਪ੍ਰਾਪਤ ਕੀਤੀ ਜਾਣਕਾਰੀ (ਭਾਵੇਂ ਸਾਡੇ ਤੋਂ ਜਾਂ ਕਿਸੇ ਤੀਜੀ ਧਿਰ ਤੋਂ) ਦੀ ਵਰਤੋਂ ਤੁਹਾਨੂੰ ਸਕੀਮ ਵਿਚ ਹਿੱਸਾ ਲੈਣ ਤੋਂ ਬਾਹਰ ਕਰਨ ਜਾਂ ਮੁਅੱਤਲ ਕਰਨ ਲਈ ਕੀਤੀ ਜਾ ਸਕਦੀ ਹੈ।

6.3. ਜੇਕਰ ਤੁਹਾਨੂੰ ਸਕੀਮ ਤੋਂ ਬਾਹਰ ਰੱਖਿਆ ਗਿਆ ਹੈ ਜਾਂ ਮੁਅੱਤਲ ਕੀਤਾ ਗਿਆ ਹੈ, ਤਾਂ ਅਸੀਂ ਆਪਣੀ ਨਿਰਣਾਇਕ ਸਮਰੱਥਾ ਨਾਲ ਤੁਹਾਡੀ ਇਵੈਂਟ ਬੁਕਿੰਗ ਨੂੰ ਰੱਦ ਕਰ ਸਕਦੇ ਹਾਂ।

## 7. ਦੇਣਦਾਰੀ ਅਤੇ ਬੀਮਾ

7.1. ਇਵੈਂਟ ਵਿਚ ਤੁਹਾਡੀ ਵਰਤੋਂ ਦੌਰਾਨ ਈ-ਸਾਇਕਲ ਅਤੇ ਕੋਈ ਵੀ ਸਮਾਨ ਸਾਡੀ ਸੰਪਤੀ (ਜਾਂ ਜਿਵੇਂ ਵੀ ਲਾਗੂ ਹੋਵੇ, ਸਾਡੇ ਭਾਈਵਾਲਾਂ ਦੀ ਸੰਪਤੀ) ਬਣੇ ਰਹਿੰਦੇ ਹਨ।

7.2. ਈ-ਸਾਇਕਲ ਅਤੇ ਇਵੈਂਟ ਦੌਰਾਨ ਵਰਤਣ ਲਈ ਤੁਹਾਨੂੰ ਪ੍ਰਦਾਨ ਕੀਤੀ ਗਈ ਕਿਸੇ ਵੀ ਹੋਰ ਸਮੱਗਰੀ ਦੀ ਕਿਸੇ ਵੀ ਗੁੰਮਸ਼ੁਦਗੀ, ਚੋਰੀ ਜਾਂ ਨੁਕਸਾਨ ਲਈ ਤੁਸੀਂ ਜ਼ਿੰਮੇਵਾਰ ਹੋ।

7.3. ਇਨ੍ਹਾਂ ਸ਼ਰਤਾਂ ਦੇ ਅਧੀਨ ਸਾਡੀਆਂ ਕਿਸੇ ਵੀ ਤਰ੍ਹਾਂ ਦੀਆਂ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਵਿਚ ਕਿਸੇ ਵੀ ਦੇਰੀ ਜਾਂ ਅਸਫਲਤਾ ਜੋ ਕਿਸੇ ਅਜਿਹੇ ਕਾਰਨ ਕਰਕੇ ਹੁੰਦੀ ਹੈ ਜੋ ਸਾਡੇ ਨਿਯੰਤਰਣ ਵਿਚ ਨਹੀਂ ਹੈ, ਤਾਂ ਅਸੀਂ ਇਸ ਲਈ ਦੇਣਦਾਰ ਜਾਂ ਜ਼ਿੰਮੇਵਾਰ ਨਹੀਂ ਹਾਂ।

7.4. ਕੁਝ ਖਾਸ ਕਾਰਜ ਸਥਾਨਾਂ 'ਤੇ ਹੋਣ ਵਾਲੇ ਇਵੈਂਟਜ਼ ਲਈ ਅਸੀਂ ਟਾਇਅਰ (TIER) ਈ-ਸਾਇਕਲਾਂ 'ਤੇ ਪ੍ਰਦਾਨ ਕੀਤੇ ਗਏ Qi (ਵਾਇਰਲੈੱਸ) ਚਾਰਜਿੰਗ ਅਤੇ/ਜਾਂ ਮੋਬਾਈਲ ਫੋਨ ਹੋਲਡਰਾਂ ਦੀ ਅਸਫਲਤਾ ਜਾਂ ਖਰਾਬੀ ਲਈ ਦੇਣਦਾਰ ਜਾਂ ਜ਼ਿੰਮੇਵਾਰ ਨਹੀਂ ਹਾਂ।

7.5. ਸਾਇਕਲਿੰਗ ਯੂਕੇ, ਇਵੈਂਟ ਦੇ ਸਬੰਧ ਵਿਚ ਜਨਤਕ ਦੇਣਦਾਰੀ ਬੀਮਾ ਕਾਇਮ ਰੱਖਦਾ ਹੈ।

## 8. ਡਾਟਾ ਸੁਰੱਖਿਆ

8.1. ਸਾਡੀ ਗੋਪਨੀਯਤਾ ਨੀਤੀ (ਹੇਠਾਂ ਦਿੱਤਾ ਲਿੰਕ) ਇਸ ਚੀਜ਼ ਨੂੰ ਨਿਯੰਤ੍ਰਿਤ ਕਰਦੀ ਹੈ ਕਿ ਅਸੀਂ ਤੁਹਾਡੀ ਨਿੱਜੀ ਜਾਣਕਾਰੀ ਦੀ ਵਰਤੋਂ ਕਿਵੇਂ ਕਰ ਸਕਦੇ ਹਾਂ। ਕਿਰਪਾ ਕਰਕੇ ਗੋਪਨੀਯਤਾ ਨੀਤੀ ਦੀ ਧਿਆਨ ਨਾਲ ਸਮੀਖਿਆ ਕਰੋ। https://www.cyclinguk.org/article/making-cycling-e-asier-privacy-notice

## 9. ਰੱਦ ਕਰਨਾ

9.1. ਤੁਸੀਂ bookings.makingcyclingeasier@cyclinguk.org 'ਤੇ ਈਮੇਲ ਰਾਹੀਂ ਸੰਪਰਕ ਕਰਕੇ ਆਪਣੀ ਇਵੈਂਟ ਬੁਕਿੰਗ ਨੂੰ ਸੋਧ ਜਾਂ ਰੱਦ ਕਰ ਸਕਦੇ ਹੋ।

9.2. ਤੁਸੀਂ ਕਿਸੇ ਵੀ ਇਵੈਂਟ ਬੁਕਿੰਗ ਨੂੰ ਕਿਸੇ ਹੋਰ ਵਿਅਕਤੀ ਨੂੰ ਹਸਤਾਂਤਰਿਤ ਨਹੀਂ ਕਰ ਸਕਦੇ ਹੋ ਜਾਂ ਬੁਕਿੰਗ ਪੁਸ਼ਟੀਕਰਨ 'ਤੇ ਸੂਚੀਬੱਧ ਨਾਮ ਨੂੰ ਬਦਲ ਨਹੀਂ ਸਕਦੇ ਹੋ।

9.3. ਤੁਹਾਡੀ ਇਵੈਂਟ ਬੁਕਿੰਗ, ਸਕੀਮ ਦੇ ਜਾਰੀ ਰਹਿਣ ਦੀ ਸ਼ਰਤ 'ਤੇ ਹੈ। ਅਸੀਂ ਕਿਸੇ ਵੀ ਕਾਰਨ ਕਰਕੇ ਤੁਹਾਡੇ ਦੁਆਰਾ ਕੀਤੀ ਗਈ ਕਿਸੇ ਵੀ ਇਵੈਂਟ ਬੁਕਿੰਗ ਨੂੰ ਰੱਦ ਕਰਨ ਦਾ ਅਧਿਕਾਰ ਰਾਖਵਾਂ ਰੱਖਦੇ ਹਾਂ, ਜਿਸ ਵਿਚ ਸਕੀਮ ਦੀ ਸਮਾਪਤੀ, ਮੌਸਮ ਦੀਆਂ ਪ੍ਰਤੀਕੂਲ ਸਥਿਤੀਆਂ ਜਾਂ ਇਵੈਂਟ ਨੂੰ ਸੁਰੱਖਿਅਤ ਢੰਗ ਨਾਲ ਕਰਵਾਉਣ ਵਿਚ ਅਸਮਰੱਥਾ ਸ਼ਾਮਲ ਹੈ (ਪਰ ਇਹ ਇਨ੍ਹਾਂ ਤੱਕ ਸੀਮਿਤ ਨਹੀਂ ਹਨ)।

## 10. ਸ਼ਿਕਾਇਤਾਂ

10.1. ਜੇਕਰ ਇਹਨਾਂ ਸ਼ਰਤਾਂ, ਤੁਹਾਡੀ ਬੁਕਿੰਗ ਜਾਂ ਇਵੈਂਟ ਬਾਰੇ ਤੁਹਾਡੇ ਕੋਈ ਸਵਾਲ ਹਨ, ਜਾਂ ਤੁਸੀਂ ਕੋਈ ਸ਼ਿਕਾਇਤ ਕਰਨਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਸਾਡੇ ਨਾਲ ਇੱਥੇ ਈਮੇਲ ਰਾਹੀਂ ਸੰਪਰਕ ਕਰੋ:bookings.makingcyclingeasier@cyclinguk.org

## 11. ਅੱਪਡੇਟ

11.1. ਅਸੀਂ ਸਮੇਂ-ਸਮੇਂ 'ਤੇ ਇਹਨਾਂ ਨਿਯਮਾਂ ਅਤੇ ਸ਼ਰਤਾਂ ਨੂੰ ਬਦਲ ਜਾਂ ਅੱਪਡੇਟ ਕਰ ਸਕਦੇ ਹਾਂ।

## 12. ਹੋਰ

12.1. ਤੁਹਾਨੂੰ ਸਾਡੇ ਨਾਲ ਇੱਥੇ ਈਮੇਲ ਰਾਹੀਂ ਸੰਪਰਕ ਕਰਕੇ ਆਪਣੇ ਸੰਪਰਕ ਵੇਰਵਿਆਂ ਵਿਚ ਤਬਦੀਲੀ ਬਾਰੇ ਸਾਨੂੰ ਸੂਚਿਤ ਕਰਨਾ ਚਾਹੀਦਾ ਹੈ ਜਿਵੇਂ ਹੀ ਅਜਿਹਾ ਕਰਨਾ ਵਿਹਾਰਕ ਹੋਵੇ (ਅਤੇ ਕਿਸੇ ਵੀ ਹਾਲਤ ਵਿਚ ਇਹ ਇਵੈਂਟ ਦੀ ਮਿਤੀ ਤੋਂ ਪਹਿਲਾਂ ਹੋਵੇ): bookings.makingcyclingeasier@cyclinguk.org.

12.2. ਤੁਹਾਡੇ ਅਤੇ ਸਾਡੇ ਤੋਂ ਇਲਾਵਾ ਹੋਰ ਕੋਈ ਵੀ ਇਸ ਸਮਝੌਤੇ ਵਿਚ ਇੱਕ ਧਿਰ ਨਹੀਂ ਹੈ। ਕਿਸੇ ਹੋਰ ਵਿਅਕਤੀ ਨੂੰ ਇਹਨਾਂ ਸ਼ਰਤਾਂ ਵਿਚੋਂ ਕਿਸੇ ਨੂੰ ਲਾਗੂ ਕਰਨ ਦਾ ਕੋਈ ਅਧਿਕਾਰ ਨਹੀਂ ਹੋਵੇਗਾ।

12.3. ਤੁਸੀਂ ਇਹਨਾਂ ਸ਼ਰਤਾਂ ਦੇ ਅਧੀਨ ਆਪਣੇ ਕਿਸੇ ਵੀ ਅਧਿਕਾਰ ਨੂੰ ਕਿਸੇ ਹੋਰ ਵਿਅਕਤੀ ਨੂੰ ਹਸਤਾਂਤਰਿਤ ਨਹੀਂ ਕਰ ਸਕਦੇ ਜਾਂ ਸੌਂਪ ਨਹੀਂ ਸਕਦੇ ਹੋ।

12.4. ਇਹਨਾਂ ਸ਼ਰਤਾਂ ਦਾ ਹਰੇਕ ਪੈਰਾ ਵੱਖਰੇ ਤੌਰ 'ਤੇ ਲਾਗੂ ਹੁੰਦਾ ਹੈ। ਜੇਕਰ ਕੋਈ ਅਦਾਲਤ ਜਾਂ ਸੰਬੰਧਿਤ ਅਥਾਰਟੀ ਇਹ ਫੈਸਲਾ ਕਰਦੀ ਹੈ ਕਿ ਇਹਨਾਂ ਵਿਚੋਂ ਕੋਈ ਵੀ ਸ਼ਰਤਾਂ ਗੈਰ-ਕਾਨੂੰਨੀ ਹਨ, ਤਾਂ ਬਾਕੀ ਦੇ ਪੈਰੇ ਪੂਰੀ ਤਰ੍ਹਾਂ ਲਾਗੂ ਰਹਿਣਗੇ ਅਤੇ ਲਾਗੂ ਹੋਣ ਦੀ ਹੱਦ ਤੱਕ ਪ੍ਰਭਾਵੀ ਰਹਿਣਗੇ (ਅਤੇ ਉਸ ਅਨੁਸਾਰ ਸਮਝੇ ਜਾਣਗੇ)।

12.5. ਇਹਨਾਂ ਸ਼ਰਤਾਂ ਦੇ ਅਧੀਨ ਕਿਸੇ ਵੀ ਅਧਿਕਾਰ ਜਾਂ ਵਿਵਸਥਾ ਨੂੰ ਲਾਗੂ ਕਰਨ ਵਿਚ ਅਸਫਲਤਾ ਅਜਿਹੇ ਅਧਿਕਾਰ ਜਾਂ ਵਿਵਸਥਾ ਦੀ ਛੋਟ ਨਹੀਂ ਹੋਵੇਗੀ।

12.6. ਜੇਕਰ ਇਹਨਾਂ ਸ਼ਰਤਾਂ ਦਾ ਕਿਸੇ ਹੋਰ ਭਾਸ਼ਾ ਵਿਚ ਅਨੁਵਾਦ ਕੀਤਾ ਗਿਆ ਹੈ ਅਤੇ ਸ਼ਰਤਾਂ ਦੇ ਸੰਸਕਰਣਾਂ ਵਿਚ ਕੋਈ ਅਸੰਗਤਤਾ ਹੈ, ਤਾਂ ਇਸ ਅੰਗਰੇਜ਼ੀ ਭਾਸ਼ਾ ਦੇ ਸੰਸਕਰਣ ਨੂੰ ਤਰਜੀਹ ਦਿੱਤੀ ਜਾਵੇਗੀ।

12.7. ਇਹ ਸ਼ਰਤਾਂ ਅੰਗਰੇਜ਼ੀ ਅਤੇ ਵੈਲਸ਼ ਕਨੂੰਨ ਦੁਆਰਾ ਨਿਯੰਤਰਿਤ ਕੀਤੀਆਂ ਜਾਂਦੀਆਂ ਹਨ ਅਤੇ ਇਹਨਾਂ ਸ਼ਰਤਾਂ ਬਾਰੇ ਸਾਡੇ ਵਿਚਕਾਰ ਕੋਈ ਵੀ ਵਿਵਾਦ ਅੰਗਰੇਜ਼ੀ ਅਤੇ ਵੈਲਸ਼ ਅਦਾਲਤਾਂ ਵਿਚ ਸੁਣਿਆ ਜਾਵੇਗਾ।